ਡਾ. ਬੀ.ਆਰ. ਅੰਬੇਡਕਰ ਸਟੇਟ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ ਮੁਹਾਲੀ ਨੂੰ ਜਲਦ ਮਿਲੇਗਾ 6 ਬੈੱਡਾਂ ਵਾਲਾ ਆਈ.ਸੀ.ਯੂ : ਡਾ. ਬਲਬੀਰ ਸਿੰਘ

ਸਿਹਤ ਮੰਤਰੀ ਨੇ ਏਮਜ਼ ਮੁਹਾਲੀ ਵਿਖੇ ਸਥਾਪਤ ਕੀਤੀ ਜਾ ਰਹੀ ਬਾਇਓਸੇਫ਼ਟੀ ਲੈਵਲ-2 ਲੈਬ ਦਾ ਵੀ ਕੀਤਾ ਦੌਰਾ

ਐਸ.ਏ.ਐਸ. ਨਗਰ, 1 ਮਾਰਚ (ਜਸਬੀਰ ਸਿੰਘ ਜੱਸੀ) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਲੋਂ ਸ਼ੁਰੂ ਕੀਤੇ ਗਏ ਸਿਹਤਮੰਦ ਪੰਜਾਬ ਮਿਸ਼ਨ ਦੇ ਹਿੱਸੇ ਵਜੋਂ ਡਾ. ਬੀ.ਆਰ. ਅੰਬੇਡਕਰ ਸਟੇਟ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ (ਏ.ਆਈ.ਐਮ.ਐਸ) ਮੁਹਾਲੀ ਵਿਖੇ ਨਿਗੂਣੀਆਂ ਫੀਸਾਂ 'ਤੇ ਗੰਭੀਰ ਬਿਮਾਰੀਆਂ ਵਾਲੇ ਮਰੀਜ਼ਾਂ ਦੇ ਵਧੀਆ ਇਲਾਜ ਨੂੰ ਯਕੀਨੀ ਬਣਾਉਣ ਦੇ ਮੱਦੇਨਜ਼ਰ 6 ਬੈਡਿਡ ਮੈਡੀਕਲ ਇੰਟੈਂਸਿਵ ਕੇਅਰ ਯੂਨਿਟ (ਆਈਸੀਯੂ) ਸ਼ੁਰੂ ਕਰਨ ਸਬੰਧੀ ਸਾਰੀਆਂ ਤਿਆਰੀਆਂ ਕਰ ਲਈਆਂ ਗਈਆਂ ਹਨ।

ਇਹ ਜਾਣਕਾਰੀ ਸ਼ੁੱਕਰਵਾਰ ਨੂੰ ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਦਿਤੀ। ਸਿਹਤ ਮੰਤਰੀ ਏਮਜ਼ ਮੁਹਾਲੀ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਭਵਨੀਤ ਭਾਰਤੀ ਦੇ ਨਾਲ ਆਈ.ਸੀ.ਯੂ ਦੀਆਂ ਤਿਆਰੀਆਂ ਦਾ ਜਾਇਜ਼ਾ ਲੈ ਰਹੇ ਸਨ, ਜਿਸ ਦਾ ਰਸਮੀ ਉਦਘਾਟਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਲੋਂ ਕੀਤੇ ਜਾਣ ਦੀ ਸੰਭਾਵਨਾ ਹੈ। ਬਲਬੀਰ ਸਿੰਘ ਨੇ ਕਿਹਾ ਕਿ ਇਹ ਆਈ.ਸੀ.ਯੂ ਸਹੂਲਤ ਵੈਂਟੀਲੇਟਰ ਸਹਾਇਤਾ ਦੀ ਲੋੜ ਵਾਲੇ ਮਰੀਜ਼ਾਂ ਨੂੰ ਮਾਮੂਲੀ ਦਰਾਂ 'ਤੇ ਸੁਚੱਜੀਆਂ ਮੈਡੀਕਲ ਸੇਵਾਵਾਂ ਪ੍ਰਦਾਨ ਕਰੇਗੀ।

ਉਨ੍ਹਾਂ ਕਿਹਾ ਕਿ, "ਆਈ.ਸੀ.ਯੂ ਕਾਰਜਸ਼ੀਲ ਹੈ ਅਤੇ ਗੰਭੀਰ ਸਥਿਤੀ ਵਾਲੇ ਮਰੀਜ਼ਾਂ ਨੂੰ ਡਾਕਟਰੀ ਸਹੂਲਤ ਦੇਣ ਲਈ ਤਿਆਰ ਹੈ। ਉਨ੍ਹਾਂ ਕਿਹਾ ਕਿ ਇਥੇ ਕ੍ਰੈਸ਼ ਕਾਰਟਸ, ਮਰੀਜ਼ ਮਾਨੀਟਰ, ਡੀਫਿਬ੍ਰਿਲਟਰ ਅਤੇ ਵੈਂਟੀਲੇਟਰਾਂ ਦੇ ਨਾਲ ਇਨਫ਼ਿਊਜ਼ਨ ਪੰਪ ਵਰਗੇ ਸਾਰੇ ਜੀਵਨ ਬਚਾਉ ਉਪਕਰਨ ਉਪਲਬਧ ਹਨ। ਇਸ ਉਪਰਾਲੇ ਨੂੰ ਅਜੋਕੀਆਂ ਤੇ ਉੱਨਤ ਸਿਹਤ ਸੰਭਾਲ ਸਹੂਲਤਾਂ ਦੇ ਖੇਤਰ ਵਿਚ ਇਕ ਮੀਲ ਪੱਥਰ ਕਰਾਰ ਦਿੰਦਿਆਂ ਸਿਹਤ ਮੰਤਰੀ ਨੇ ਕਿਹਾ ਕਿ ਇਹ ਪਹਿਲਕਦਮੀ ਸੂਬੇ ਦੇ ਮੈਡੀਕਲ ਢਾਂਚੇ ਨੂੰ ਮਜ਼ਬੂਤ ਕਰੇਗੀ। ਬਾਅਦ ਵਿਚ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਏ.ਆਈ.ਐਮ.ਐਸ ਮੁਹਾਲੀ ਵਿਖੇ ਨਵੀਂ ਬਣੀ ਅਤਿ-ਆਧੁਨਿਕ ਬਾਇਓਸੇਫਟੀ ਲੈਵਲ-2 ਲੈਬ ਦਾ ਵੀ ਦੌਰਾ ਕੀਤਾ, ਜੋ ਕਿ ਹੁਣ ਕੋਵਿਡ-19 ਦਾ ਪਤਾ ਲਗਾਉਣ ਲਈ ਸਾਰੀਆਂ ਆਰ.ਟੀ.ਪੀ.ਸੀ.ਆਰ ਸਹੂਲਤਾਂ ਨਾਲ ਲੈਸ ਹੈ ਅਤੇ ਇਥੇ ਤਜਰਬੇਕਾਰ ਫੈਕਲਟੀ ਸਮੇਤ ਸਿਖਿਅਤ ਸਟਾਫ, ਜਿਸ ਵਿਚ ਖੋਜ ਵਿਗਿਆਨੀ, ਖੋਜ ਸਹਾਇਕ ਅਤੇ ਲੈਬ ਟੈਕਨੀਸ਼ੀਅਨ ਸ਼ਾਮਲ ਹਨ। ਪੂਰੀ ਤਰ੍ਹਾਂ ਨਾਲ ਲੈਸ ਇਸ ਲੈਬ ਵਿਚ ਬਾਇਓਸੇਫ਼ਟੀ ਕੈਬਨਿਟਾਂ, ਆਰ.ਐਨ.ਏ ਐਕਸਟਰੈਕਟਰ, ਰੈਫਰੀਜੇਰੇਟਿਡ ਸੈਂਟਰਿਫਿਊਜ਼, ਵੋਰਟੈਕਸ ਮਿਕਸਰ, ਮਿੰਨੀ-ਸਪਿਨਰ, ਥਰਮੋ-ਸ਼ੇਕਰ, ਪਾਈਪੇਟਸ, ਆਟੋਕਲੇਵ, ਪੀਸੀਆਰ ਵਰਕਸਟੇਸ਼ਨ, -40 ਡਿਗਰੀ ਅਤੇ -80 ਡਿਗਰੀ ਸੈਲਸੀਅਸ ਡੀਪ ਫਰੀਜ਼ਰ, ਆਰਟੀਪੀਸੀਆਰ ਮਸ਼ੀਨਾਂ, ਪ੍ਰਿੰਟਰਾਂ ਸਮੇਤ ਕੰਪਿਊਟਰ ਯੂਨਿਟਾਂ ਅਤੇ ਸਾਰੀਆਂ ਲੋੜੀਂਦੀਆਂ ਚੀਜ਼ਾਂ ਮੌਜੂਦ ਹਨ। ਇਹ ਉੱਨਤ ਬੁਨਿਆਦੀ ਢਾਂਚਾ ਅਤੇ ਨਵੀਨਤਮ ਉਪਕਰਨ ਲਗਾਈ ਜਾ ਰਹੀ ਹੈ ਅਤੇ ਜਲਦ ਹੀ ਇਹ ਲੈਬ ਕਾਰਜਸ਼ੀਲ ਹੋ ਜਾਵੇਗੀ।

ਦਲਜੀਤ ਕਲਸੀ ਤੇ ਹੋਰਨਾਂ ਨੂੰ ਜੇਲ 'ਚ ਤਕਨੀਕੀ ਮਦਦ ਦੇਣ ਬਾਰੇ ਸਰਕਾਰ ਨੇ ਝੂਠਾ ਜਵਾਬ ਦਿਤਾ

ਹਾਈ ਕੋਰਟ ਨੇ ਮੰਗਿਆ ਰਿਕਾਰਡ, ਸੋਮਵਾਰ ਤੋਂ ਰੋਜ਼ਾਨਾ ਹੋਵੇਗੀ ਸੁਣਵਾਈ

ਚੰਡੀਗੜ੍ਹ, 1 ਮਾਰਚ (ਸੁਰਜੀਤ ਸਿੰਘ ਸੱਤੀ) : ਅੰਮ੍ਰਿਤਪਾਲ ਦੇ ਸਾਥੀ ਦਲਜੀਤ ਕਲਸੀ, ਗੁਰਮੀਤ ਸਿੰਘ ਬੁੱਕਣਵਾਲਾ, ਭਗਵੰਤ ਸਿੰਘ ਬਾਜੇ ਕੇ ਤੇ ਹੋਰਨਾਂ ਨੂੰ ਜੇਲ ਵਿਚ ਉਨ੍ਹਾਂ ਨੂੰ ਪੈਨ ਡਰਾਈਵ ਚਲਾਉਣ ਲਈ ਤਕਨੀਕੀ ਮਦਦ ਮੁਹਈਆ ਕਰਵਾਉਣ ਬਾਰੇ ਹਾਈ ਕੋਰਟ ਵਿਚ ਝੂਠਾ ਹਲਫ਼ਨਾਮਾ ਦੇਣ ਦਾ ਦੋਸ਼ ਲਗਾਉਂਦਿਆਂ ਐਡਵੋਕੇਟ ਨਵਕਿਰਨ ਸਿੰਘ ਨੇ ਸ਼ੁਕਰਵਾਰ ਨੂੰ ਜਸਟਿਸ ਵਿਨੋਦ ਐਸ ਭਾਰਦਵਾਜ ਦੇ ਬੈਂਚ ਦੇ ਧਿਆਨ ਵਿਚ ਲਿਆਂਦਾ ਕਿ ਸਰਕਾਰ ਨੇ ਦਿਬਰੂਗੜ੍ਹ ਜੇਲ ਵਿਚ ਉਕਤ ਬੰਦੀਆਂ ਨੂੰ ਤਕਨੀਕੀ ਸਹਾਇਤਾ ਸਮੇਂ ਸਿਰ ਮੁਹਈਆ ਕਰਵਾਉਣ ਦੀ ਗੱਲ ਕਹੀ ਸੀ ਪਰ ਦਿਬਰੂਗੜ੍ਹ ਜੇਲ ਸੁਪਰਡੰਟ ਤੇ ਅੰਮ੍ਰਿਤਸਰ ਦੇ ਐਸਐਸਪੀ ਵਿਚਾਲੇ ਈਮੇਲ ਦੇ ਜ਼ਰੀਏ ਹੋਏ ਪੱਤਰ ਵਿਹਾਰ ਤੋਂ ਸਪੱਸ਼ਟ ਹੁੰਦਾ ਹੈ ਕਿ ਬੰਦੀਆਂ ਨੂੰ ਮਈ 2023 ਦੇ ਅਖ਼ੀਰ ਵਿਚ ਤਕਨੀਕੀ ਮਦਦ ਦਿਤੀ ਗਈ ਅਤੇ ਇਸ ਕਾਰਨ ਉਨ੍ਹਾਂ ਨੂੰ ਅਪਣੇ ਕੇਸ ਤਿਆਰ ਕਰਨ ਵਿਚ ਦੇਰੀ ਹੋਈ। ਹਾਈ ਕੋਰਟ ਨੇ ਜੇਲ ਸੁਪਰਡੰਟ ਤੇ ਐਸਐਸਪੀ ਵਿਚਾਲੇ ਹੋਈਆਂ ਮੇਲਾਂ ਦਾ ਰਿਕਾਰਡ ਸੋਮਵਾਰ ਨੂੰ ਪੇਸ਼ ਕਰਨ ਲਈ ਕਿਹਾ ਹੈ ਤੇ ਸੋਮਵਾਰ ਤੋਂ ਰੋਜ਼ਾਨਾ ਸੁਣਵਾਈ ਕਰਨ ਦੀ ਗੱਲ ਕਹੀ ਹੈ।

ਜ਼ਿਕਰਯੋਗ ਹੈ ਕਿ ਹਾਈ ਕੋਰਟ ਨੇ ਕੇਂਦਰ ਸਰਕਾਰ ਤੋਂ ਪੁਛਿਆ ਸੀ ਕਿ ਉਹ ਦੱਸੇ ਕਿ ਅੰਮ੍ਰਿਤਪਾਲ ਦੇ ਸਾਥੀਆਂ ਸਰਬਜੀਤ ਕਲਸੀ ਉਰਫ਼ ਦਲਜੀਤ ਕਲਸੀ, ਗੁਰਮੀਤ ਸਿੰਘ ਬੁੱਕਣਵਾਲਾ ਤੇ ਬਸੰਤ ਸਿੰਘ ਆਦਿ ਵਲੋਂ ਉਨ੍ਹਾਂ 'ਤੇ ਲਗਾਏ ਜਾਂਦੇ ਐਨਐਸਏ ਨੂੰ ਉਨ੍ਹਾਂ ਵਲੋਂ ਰੱਦ ਕਰਨ ਦੀ ਮੰਗ 'ਤੇ ਫ਼ੈਸਲਾ ਲੈਣ ਵਿਚ ਦੇਰੀ ਕਿਉਂ ਕੀਤੀ ਗਈ। ਦਰਅਸਲ ਬੁੱਕਣਵਾਲਾ ਤੇ ਹੋਰਨਾਂ ਦੇ ਵਕੀਲ ਸੀਨੀਅਰ ਐਡਵੋਕੇਟ ਬਿਪਿਨ ਘਈ ਤੇ ਕਲਸੀ ਦੇ ਵਕੀਲ ਨਵਕਿਰਨ ਸਿੰਘ ਨੇ ਹਾਈ ਕੋਰਟ ਦਾ ਧਿਆਨ ਦਿਵਾਇਆ ਸੀ ਕਿ ਮੰਗ ਪੱਤਰਾਂ 'ਤੇ ਫ਼ੈਸਲਾ ਲੈਣ ਵਿਚ ਦੇਰੀ ਕੀਤੀ ਗਈ, ਜਿਸ ਨਾਲ ਸਮਾਂ ਬਰਬਾਦ ਹੋਇਆ।

ਕੇਂਦਰ ਦੇ ਵਕੀਲ ਧੀਰਜ ਜੈਨ ਨੇ ਇਸ ਲਈ ਸਮਾਂ ਮੰਗਿਆ ਸੀ। ਬੰਦੀਆਂ ਦੇ ਵਕੀਲਾਂ ਨੇ ਹਾਈ ਕੋਰਟ ਦੇ ਧਿਆਨ ਵਿਚ ਇਹ ਵੀ ਲਿਆਂਦਾ ਸੀ ਕਿ ਜੇਲ ਵਿਚ ਬੰਦੀਆਂ ਨੂੰ ਉਨ੍ਹਾਂ ਵਿਰੁਧ ਤੱਥ ਮੁਹਈਆ ਕਰਵਾਉਣ ਵਿਚ ਵੀ ਤਕਨੀਕੀ ਗੜਬੜੀ ਕੀਤੀ ਗਈ ਤੇ ਇਸ ਨਾਲ ਉਨ੍ਹਾਂ ਨੂੰ ਅਪਣਾ ਪੱਖ ਰੱਖਣ ਵਿਚ ਪਰੇਸ਼ਾਨੀ ਆਈ। ਬੈਂਚ ਨੂੰ ਦਸਿਆ ਕਿ ਉਨ੍ਹਾਂ ਨੂੰ ਤੱਥ ਪੈਨ ਡਰਾਈਵ ਵਿਚ ਦਿਤੇ ਗਏ ਪਰ ਜੇਲ ਵਿਚ ਉਨ੍ਹਾਂ ਨੂੰ ਇਹ ਪੈਨ ਡਰਾਈਵ ਚਲਾਉਣ ਲਈ ਉਪਕਰਣ ਮੁਹਈਆ ਨਹੀਂ ਕਰਵਾਏ ਗਏ ਅਤੇ ਉਹ ਸਮੇਂ ਸਿਰ ਤੱਥ ਨਹੀਂ ਵੇਖ ਸਕੇ।

ਸਕਾਰਪੀਉ ਦੀ ਟੱਕਰ 'ਚ ਈ-ਸਕੂਟੀ ਸਵਾਰ ਵਿਅਕਤੀ ਦੀ ਮੌਤ

ਮੌੜ ਮੰਡੀ, 1 ਮਾਰਚ (ਭੋਲਾ ਸਿੰਘ ਮਾਨ) : ਜ਼ਿਲ੍ਹੇ ਦੇ ਪਿੰਡ ਢੱਡੇ ਨੇੜੇ ਇਕ ਤੇਜ਼ ਰਫ਼ਤਾਰ ਸਕਾਰਪੀਓ ਗੱਡੀ ਨੇ ਈ-ਸਕੂਟੀ ਸਵਾਰ ਵਿਅਕਤੀ ਨੂੰ ਜ਼ੋਰਦਾਰ ਟੱਕਰ ਮਾਰ ਦਿਤੀ। ਇਸ ਕਾਰਨ ਸਕੂਟਰ ਸਵਾਰ ਵਿਅਕਤੀ ਦੀ ਮੌਤ ਹੋ ਗਈ। ਪੁਲਿਸ ਨੇ ਮ੍ਰਿਤਕ ਦੇ ਪੁੱਤਰ ਦੀ ਸ਼ਿਕਾਇਤ 'ਤੇ ਮੁਲਜ਼ਮ ਸਕਾਰਪੀਉ ਚਾਲਕ ਵਿਰੁਧ ਕੇਸ ਦਰਜ ਕਰ ਕੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਹੈ, ਜਿਸ ਨੂੰ ਬਾਅਦ ਵਿਚ ਜ਼ਮਾਨਤ 'ਤੇ ਰਿਹਾਅ ਕਰ ਦਿਤਾ ਗਿਆ ਹੈ। ਥਾਣਾ ਮੌੜ ਪੁਲਿਸ ਨੂੰ ਸ਼ਿਕਾਇਤ ਦਿੰਦੇ ਹੋਏ ਪਿੰਡ ਕੁੱਤੀਵਾਲ ਕਲਾਂ ਦੇ ਰਹਿਣ ਵਾਲੇ ਪ੍ਰਦੀਪ ਸਿੰਘ ਨੇ ਦਸਿਆ ਕਿ 29 ਫਰਵਰੀ ਨੂੰ ਉਸ ਦਾ ਪਿਤਾ ਜਗਪਾਲ ਸਿੰਘ ਅਪਣੀ ਈ-ਸਕੂਟੀ 'ਤੇ ਪਿੰਡ ਢੱਡੇ ਵਲ ਜਾ ਰਿਹਾ ਸੀ। ਇਸ ਦੌਰਾਨ ਮੁਲਜ਼ਮ ਗੁਰਮੇਲ ਸਿੰਘ ਵਾਸੀ ਪਿੰਡ ਮੱਥਾ ਪੱਤੀ, ਜ਼ਿਲ੍ਹਾ ਸਿਰਸਾ, ਹਰਿਆਣਾ ਨੇ ਤੇਜ਼ ਰਫ਼ਤਾਰ ਸਕਾਰਪੀਉ ਗੱਡੀ ਨਾਲ ਪਿਤਾ ਦੀ ਸਕੂਟੀ ਨੂੰ ਟੱਕਰ ਮਾਰ ਦਿਤੀ। ਹਾਦਸੇ ਵਿਚ ਉਸ ਦੇ ਪਿਤਾ ਦੀ ਮੌਤ ਹੋ ਗਈ। ਪੁਲਿਸ ਨੇ ਮੁਲਜ਼ਮ ਡਰਾਈਵਰ ਗੁਰਮੇਲ ਸਿੰਘ ਨੂੰ ਗ੍ਰਿਫ਼ਤਾਰ ਕਰ ਕੇ ਕੇਸ ਦਰਜ ਕਰ ਲਿਆ ਅਤੇ ਬਾਅਦ ਵਿਚ ਉਸ ਨੂੰ ਜ਼ਮਾਨਤ 'ਤੇ ਰਿਹਾਅ ਕਰ ਦਿਤਾ।

ਸੇਵਾ ਮੁਕਤੀ 'ਤੇ ਵਿਸ਼ੇਸ਼

ਮਿਹਨਤੀ ਤੇ ਦੂਰ ਅੰਦੇਸ਼ੀ ਸੋਚ ਦੇ ਮਾਲਕ ਹਨ ਮਨਮੋਹਨ ਸਿੰਘ

ਸਖ਼ਤ ਮਿਹਨਤ, ਲਗਨ, ਨਿਮਰਤਾ, ਦੂਰ ਅੰਦੇਸ਼, ਇਮਾਨਦਾਰ, ਦ੍ਰਿੜ ਇਰਾਦੇ ਨਾਲ ਅਤੇ ਕੰਮ ਨੂੰ ਹੀ ਪੂਜਾ ਮੰਨਣ ਵਾਲੇ ਸ੍ਰੀ ਮਨਮੋਹਨ ਸਿੰਘ ਪਾਵਰਕਾਮ ਦੇ ਲੋਕ ਸੰਪਰਕ ਵਿਭਾਗ ਵਿਚ 33 ਸਾਲ 2 ਮਹੀਨਿਆਂ ਦੀ ਸੇਵਾਵਾਂ ਨਿਭਾਉਣ ਉਪਰੰਤ ਬਤੌਰ ਉਪ ਸਕੱਤਰ ਲੋਕ ਸੰਪਰਕ ਵਿਭਾਗ ਵਜੋਂ 29 ਫ਼ਰਵਰੀ, 2024 ਨੂੰ ਸੇਵਾ ਮੁਕਤ ਹੋ ਗਏ ਹਨ। ਉਨ੍ਹਾਂ ਦੇ ਅਨੇਕਾਂ ਗੁਣਾਂ ਸਦਕਾ ਪੰਜਾਬ ਸਟੇਟ ਪਾਵਰ ਕਾਰਪੋਰੇਸਨ ਲਿਮਟਿਡ ਦੇ ਪ੍ਰਿੰਟ, ਇਲੈਕਟ੍ਰਾਨਿਕ ਅਤੇ ਸੋਸ਼ਲ ਮੀਡੀਆ ਨਾਲ ਬਹੁਤ ਮਜ਼ਬੂਤ ਸਬੰਧ ਕਾਇਮ ਰਖਣ ਵਿਚ ਬਹੁਤ ਮਹਤਵਪੂਰਨ ਯੋਗਦਾਨ ਪਾਇਆ।

ਉਨ੍ਹਾਂ ਅਪਣੀ ਸਾਰੀ ਸੇਵਾ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਦੇ ਮੁੱਖ ਦਫ਼ਤਰ ਪਟਿਆਲਾ ਵਿਖੇ ਹੀ ਨਿਭਾਈ। ਉਹ ਤਿੰਨ ਦਹਾਕਿਆਂ ਤੋਂ ਵਧ ਪਾਵਰਕਾਮ ਦੇ ਲੋਕ ਸੰਪਰਕ ਵਿਭਾਗ ਵਿਚ ਸੇਵਾਵਾਂ ਨਿਭਾਉਂਦੇ ਹੋਏ ਉਨ੍ਹਾਂ ਨੇ ਪਾਵਰਕਾਮ ਅਤੇ ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ ਦੀ ਉਸਾਰੂ ਪਬਲੀਸਿਟੀ ਲਈ ਹਮੇਸ਼ਾ ਮਹਤਵਪੂਰਨ ਯੋਗਦਾਨ ਪਾਇਆ। ਉਨ੍ਹਾਂ ਨੇ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਦੀ ਵੈੱਬਸਾਈਟ ਨੂੰ ਵਿਕਸਿਤ ਕਰਨ, ਰਾਈਟ ਟੂ ਇਨਫ਼ਾਰਮੇਸ਼ਨ ਐਕਟ ਨੂੰ ਲਾਗੂ ਕਰਨ ਅਤੇ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਵਲੋਂ ਸੰਨ 2016 ਵਿਚ ਪ੍ਰਕਾਸ਼ਤ ਰੰਗਦਾਰ ਕੌਫ਼ੀ ਟੇਬਲ ਬੁੱਕ ਲਈ ਮਹੱਤਵਪੂਰਨ ਯੋਗਦਾਨ ਪਾਇਆ। ਕੌਫ਼ੀ ਟੇਬਲ ਬੁੱਕ ਵਿਚ ਪ੍ਰਕਾਸ਼ਤ ਤਸਵੀਰਾਂ ਮਨਮੋਹਨ ਸਿੰਘ ਦਾ ਫ਼ੋਟੋਗ੍ਰਾਫ਼ੀ ਸੰਬੰਧੀ ਤਜਰਬਾ ਗਵਾਹੀ ਭਰਦਾ ਹੈ।

ਉਨ੍ਹਾਂ ਸੰਨ 1982 ਵਿਚ ਸਰਕਾਰੀ ਸੀਨੀਅਰ ਮਾਡਲ ਸਕੂਲ ਸਿਵਲ ਲਾਈਨਜ਼, ਪਟਿਆਲਾ ਤੋਂ ਮੈਟ੍ਰਿਕ ਪਾਸ ਕੀਤੀ ਅਤੇ ਸੰਨ 1987 ਵਿਚ ਸਰਕਾਰੀ ਮਹਿੰਦਰਾ ਕਾਲਜ ਪਟਿਆਲਾ ਤੋਂ ਬੀ.ਏ. ਦੀ ਡਿਗਰੀ ਹਾਸਲ ਕਰਨ ਉਪਰੰਤ ਸੰਨ 1988 ਵਿਚ ਪੰਜਾਬੀ ਯੂਨੀਵਰਸਟੀ ਪਟਿਆਲਾ ਤੋਂ ਜਰਨਲਿਜ਼ਮ ਐਂਡ ਮਾਸ ਕਮਿਊਨੀਕੇਸ਼ਨ ਵਿਚ ਬੈਚਲਰ ਡਿਗਰੀ ਪ੍ਰਾਪਤ ਕੀਤੀ। ਪਟਿਆਲਾ ਵਿਖੇ ਸੇਵਾ ਦੌਰਾਨ ਸੰਨ 1994 ਵਿਚ ਉਨ੍ਹਾਂ ਬਿਕਰਮ ਕਾਲਜ ਤੋਂ ਕਾਨੂੰਨ ਦੀ ਡਿਗਰੀ ਹਾਸਲ ਕਰਨ ਉਪਰੰਤ ਸਾਲ 2001 ਵਿਚ ਗੁਰੂ ਜਮਬੇਸ਼ਵਰ ਯੂਨੀਵਰਸਟੀ ਹਿਸਾਰ ਤੋਂ ਮਾਸਟਰ ਆਫ਼ ਮਾਸ ਕਮਿਊਨੀਕੇਸ਼ਨ ਦੀ ਡਿਗਰੀ ਪ੍ਰਾਪਤ ਕੀਤੀ। ਅਕਤੂਬਰ 2006 ਵਿਚ ਬਿਟ੍ਰਿਸ਼ ਕੌਂਸਲ ਨਵੀਂ ਦਿੱਲੀ ਤੋਂ ਦੋ ਮਹੀਨਿਆਂ ਦਾ ਇੰਗਲਿਸ਼ ਫਾਰ ਬਿਜ਼ਨਸ ਕੋਰਸ ਇੰਟਰਮੀਡੀਏਟ ਲੈਵਲ ਕੋਰਸ ਵੀ ਹਾਸਲ ਕੀਤਾ।

ਪੰਜਾਬ ਸਰਕਾਰ ਦੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਵਿਚ ਪਾਵਰਕਾਮ ਦੇ ਇਸ਼ਤਿਹਾਰ ਦੀ ਛਪਾਈ ਲਈ ਉਹ ਕਈ ਸਾਲ ਬਤੌਰ ਨੋਡਲ ਅਫ਼ਸਰ ਰਹੇ। ਇਸ ਤੋਂ ਇਲਾਵਾ ਪਿਛਲੇ 28 ਸਾਲਾਂ ਤੋਂ ਨਵੀਂ ਦਿੱਲੀ ਵਿਖੇ ਹਰ ਸਾਲ ਆਯੋਜਤ ਅੰਤਰਰਾਸ਼ਟਰੀ ਵਪਾਰ ਮੇਲੇ ਵਿਚ ਪੰਜਾਬ ਰਾਜ ਦੇ ਪੈਵੀਲਿਅਨ ਵਿਚ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਦੇ ਬਤੌਰ ਨੋਡਲ ਅਫਸਰ ਵਜੋਂ ਸੇਵਾਵਾਂ ਨਿਭਾ ਰਹੇ ਹਨ। ਉਨ੍ਹਾਂ ਪੰਜਾਬ ਸਟੇਟ ਇਲੈਕਟ੍ਰੀਸਿਟੀ ਬੋਰਡ ਹੁਣ ਪਾਵਰਕਾਮ ਦੇ ਪ੍ਰਕਾਸ਼ ਮੈਗਜ਼ੀਨ ਦੇ ਸੰਪਾਦਕ ਵੀ ਰਹੇ। ਇਸ ਤੋਂ ਇਲਾਵਾ ਪਾਵਰਕਾਮ ਦੇ ਖੇਡ ਟੂਰਨਾਮੈਂਟਾਂ ਮੌਕੇ ਰੰਗਦਾਰ ਸੋਵੀਨਾਰਾਂ ਦੀ ਬਤੌਰ ਸਫ਼ਲ ਪ੍ਰਬੰਧਕ ਵਜੋਂ ਜਾਣੇ ਜਾਂਦੇ ਹਨ।

ਉਹ ਪਾਵਰਕਾਮ ਦੇ ਦੋ ਵਟਸਅਪ ਗਰੁੱਪਾਂ ਦੇ ਗਰੁੱਪ ਐਡਮਿਨ ਵੀ ਹਨ, ਇਨ੍ਹਾਂ ਗਰੁੱਪਾਂ ਵਿਚ ਪਾਵਰਕਾਮ ਅਤੇ ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ ਦੇ ਸੀ.ਐਮ.ਡੀ., ਡਾਇਰੈਕਟਰਜ਼, ਵਿਭਾਗਾਂ ਦੇ ਮੁਖੀਆਂ ਤੋਂ ਇਲਾਵਾ ਨਿਗਰਾਨ ਇੰਜੀਨੀਅਰ ਸ਼ਾਮਲ ਹਨ।

ਮੋਟਰਸਾਈਕਲ 'ਚ ਬੇਸਹਾਰਾ ਪਸ਼ੂ ਵੱਜਣ ਕਾਰਨ ਇਕ ਦੀ ਮੌਤ, ਇਕ ਜ਼ਖ਼ਮੀ

ਹੰਡਿਆਇਆ, 1 ਮਾਰਚ (ਬਸਾਵਾ ਸਿੰਘ ਭਰੀ) : ਬਰਨਾਲਾ ਮਾਨਸਾ ਰੋਡ 'ਤੇ ਮੋਟਰਸਾਈਕਲ ਸਵਾਰ ਦੀ ਬੇਸਹਾਰਾ ਪਸ਼ੂਆਂ ਨਾਲ ਟਕਰਾ ਜਾਣ 'ਤੇ ਮੌਤ ਹੋ ਗਈ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਹੰਡਿਆਇਆ ਪੁਲਿਸ ਚੌਕੀ ਦੇ ਇੰਚਾਰਜ ਤਰਸੇਮ ਸਿੰਘ ਨੇ ਦਸਿਆ ਕਿ ਧੰਨਾ ਸਿੰਘ ਪੁੱਤਰ ਮਹਾਂ ਸਿੰਘ ਵਾਸੀ ਵਾਰਡ ਨੰਬਰ-2, ਚੌਹਾਨ ਕੇ ਖੁਰਦ ਅਤੇ ਗੁਲਜਾਰ ਸਿੰਘ ਮੋਟਰਸਾਈਕਲ ਰਾਹੀਂ ਅਪਣੇ ਪਿੰਡ ਚੌਹਾਨਕੇ ਖੁਰਦ ਤੋਂ ਭੈਣੀ ਬਾਘਾ ਵਿਖੇ ਭੋਗ 'ਤੇ ਜਾ ਰਹੇ ਸੀ। ਬਰਨਾਲਾ ਮਾਨਸਾ ਰੋਡ 'ਤੇ ਮਾਰੂਤੀ ਸੁਜ਼ੂਕੀ ਸ਼ੋਰੂਮ ਦੇ ਨੇੜੇ ਬੇਸਹਾਰਾ ਗਊਆਂ ਨਾਲ ਟਕਰਾ ਜਾਣ ਕਾਰਨ ਐਕਸੀਡੈਂਟ ਹੋ ਗਿਆ ਉਥੇ ਮੌਜੂਦ ਲੋਕਾਂ ਨੇ ਧੰਨਾ ਸਿੰਘ ਤੇ ਗੁਲਜਾਰ ਸਿੰਘ ਨੂੰ ਸਰਕਾਰੀ ਹਸਪਤਾਲ ਬਰਨਾਲਾ ਵਿਖੇ ਦਾਖ਼ਲ ਕਰਵਾ ਦਿਤਾ ਗਿਆ। ਗੁਲਜਾਰ ਸਿੰਘ ਨੂੰ ਮੁਢਲੀ ਸਹਾਇਤਾ ਦੇ ਕੇ ਘਰ ਵਾਪਸ ਭੇਜ ਦਿਤਾ ਪ੍ਰੰਤੂ ਧੰਨਾ ਸਿੰਘ ਦੀ ਹਾਲਤ ਨੂੰ ਵੇਖਦੇ ਹੋਏ ਫ਼ਰੀਦਕੋਟ ਹਸਪਤਾਲ ਰੈਫ਼ਰ ਕਰ ਦਿਤਾ ਗਿਆ ਜਿਥੇ ਧੰਨਾ ਸਿੰਘ ਦੀ ਮੌਤ ਹੋ ਗਈ। ਚੌਕੀ ਇੰਚਾਰਜ ਤਰਸੇਮ ਸਿੰਘ ਨੇ ਦਸਿਆ ਕਿ ਧੰਨਾ ਸਿੰਘ ਦੇ ਪੁੱਤਰ ਜਗਸੀ